# ਛੋਟੇ ਬਾਲਾਂ ਲਈ ਸੁਣਨ-ਸ਼ਕਤੀ ਸੰਬੰਧੀ ਪ੍ਰੋਗਰਾਮ



## ਤੁਹਾਡੇ ਬੱਚੇ ਨੂੰ ਭਾਸ਼ਾ ਸਿੱਖਣ ਵਿੱਚ ਮਦਦ ਕਰਨਾ

1,000 ਬਾਲਾਂ ਵਿੱਚੋਂ ਦੋ ਨੂੰ ਜਨਮ ਮੌਕੇ ਹੀ ਸੁਣਨ-ਸ਼ਕਤੀ ਦੀ ਸਥਾਈ ਹਾਨੀ ਹੁੰਦੀ ਹੈ, ਅਤੇ ਦੋ ਹੋਰ ਬੱਚਿਆਂ ਵਿੱਚ ਪੰਜ ਸਾਲਾਂ ਦੀ ਉਮਰ ਤੱਕ ਸੁਣਨ-ਸ਼ਕਤੀ ਦੀ ਸਥਾਈ ਹਾਨੀ ਵਿਕਸਿਤ ਹੋ ਜਾਂਦੀ ਹੈ। ਛੋਟੇ ਬਾਲਾਂ ਲਈ ਸੁਣਨ-ਸ਼ਕਤੀ ਸੰਬੰਧੀ ਪ੍ਰੋਗਰਾਮ (Infant Hearing Program) ਗੂੰਗੇ/ਬੋਲ਼ੇ ਜਾਂ ਉੱਚਾ ਸੁਣਨ ਵਾਲੇ ਬੱਚਿਆਂ ਨੂੰ ਸੰਚਾਰ-ਸੰਪਰਕ ਕਰਨਾ ਸਿੱਖਣ ਵਿੱਚ ਮਦਦ ਕਰਦਾ ਹੈ, ਤਾਂ ਜੋ ਉਹਨਾਂ ਨੂੰ ਸਕੂਲ ਵਾਸਤੇ ਤਿਆਰ ਕਰਨ ਲਈ ਮਦਦ ਕੀਤੀ ਜਾ ਸਕੇ।

ਛੋਟੇ ਬਾਲਾਂ ਲਈ ਸੁਣਨ-ਸ਼ਕਤੀ ਸੰਬੰਧੀ ਪ੍ਰੋਗਰਾਮ ਨਿਮਨਲਿਖਤ ਚੀਜ਼ਾਂ ਪ੍ਰਦਾਨ ਕਰਾਉਂਦਾ ਹੈ:

- ਸਾਰੇ ਨਵਜਾਤ ਬੱਚਿਆਂ ਵਾਸਤੇ ਹਸਪਤਾਲ ਜਾਂ ਭਾਈਚਾਰਕ ਸਥਾਪਨਾਵਾਂ ਵਿੱਚ ਸੁਣਨ-ਸ਼ਕਤੀ ਦੀਆਂ ਪੜਤਾਲਾਂ
- ਸੁਣਨ-ਸ਼ਕਤੀ ਦੀ ਹਾਨੀ ਵਾਲੇ ਨਵਜਾਤ ਬੱਚਿਆਂ ਦੀ ਸ਼ਨਾਖ਼ਤ ਕਰਨ ਲਈ ਮੁਲਾਂਕਣ
- ਉਹਨਾਂ ਬੱਚਿਆਂ ਦੀ ਨਿਗਰਾਨੀ ਕਰਨਾ ਜਿਨ੍ਹਾਂ ਵਿੱਚ ਸੁਣਨ-ਸ਼ਕਤੀ ਦੀ ਹਾਨੀ ਵਿਕਸਿਤ ਹੋਣ ਦਾ ਖਤਰਾ ਹੈ
- ਭਾਸ਼ਾ ਵਿਕਾਸ ਸੇਵਾਵਾਂ

## ਬੱਚੇ ਭਾਸ਼ਾ ਵਿਕਸਿਤ ਕਿਵੇਂ ਕਰਦੇ ਹਨ?

ਤੁਹਾਡੇ ਬੱਚੇ ਦੇ ਵਧਣ ਅਤੇ ਸਿੱਖਣ ਨਾਲ ਭਾਸ਼ਾ ਦਾ ਵਿਕਾਸ ਹੁੰਦਾ ਹੈ। ਜਨਮ ਮੌਕੇ ਤੋਂ ਹੀ, ਪਰਿਵਾਰ ਆਪਣੇ ਬੱਚੇ ਨੂੰ ਟਿਕਾਊ ਭਾਸ਼ਾ ਮਾਡਲ ਪ੍ਰਦਾਨ ਕਰਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਭਾਸ਼ਾ ਨੂੰ ਸੁਣਨ ਰਾਹੀਂ ਅਤੇ ਇੱਕ ਬੋਲਣ ਵਾਲੀ ਭਾਸ਼ਾ ਦੀ ਵਰਤੋਂ ਕਰਕੇ, ਜਾਂ ਦ੍ਰਿਸ਼ਟੀ ਰਾਹੀਂ ਅਤੇ ਕਿਸੇ ਸੰਕੇਤਕ ਭਾਸ਼ਾ ਦੀ ਵਰਤੋਂ ਕਰਕੇ ਸਿੱਖਿਆ ਜਾ ਸਕਦਾ ਹੈ।

## ਕਿਹੜੀਆਂ ਸੇਵਾਵਾਂ ਉਪਲਬਧ ਹਨ?

ਪ੍ਰੋਗਰਾਮ ਦੇ ਪੇਸ਼ੇਵਰ ਤੁਹਾਡੇ ਬੱਚੇ ਦੀ ਭਾਸ਼ਾ ਦੇ ਵਿਕਾਸ ਵਿੱਚ ਸਹਾਇਤਾ ਕਰ ਸਕਦੇ ਹਨ ਅਤੇ ਤੁਹਾਨੂੰ ਜਾਣਕਾਰੀ ਪ੍ਰਦਾਨ ਕਰਾ ਸਕਦੇ ਹਨ ਤਾਂ ਜੋ ਤੁਹਾਨੂੰ ਆਪਣੇ ਬੱਚੇ ਵਾਸਤੇ ਸੇਵਾਵਾਂ ਬਾਰੇ ਫੈਸਲੇ ਕਰਨ ਵਿੱਚ ਮਦਦ ਕੀਤੀ ਜਾ ਸਕੇ।

(ਪਿਛਲੇ ਪਾਸੇ ਜਾਰੀ)

ਪੇਸ਼ੇਵਰਾਂ ਦੀ ਇੱਕ ਟੀਮ ਨਿਮਨਲਿਖਤ ਚੀਜ਼ਾਂ ਲਈ ਤੁਹਾਡੇ ਨਾਲ ਮਿਲਕੇ ਕੰਮ ਕਰੇਗੀ:

- ਸੁਣਨ ਵਿੱਚ ਸਹਾਇਤਾਕਾਰੀ ਟੈਕਨਾਲੋਜੀਆਂ ਦੀ ਤਜਵੀਜ਼ ਕਰਨਾ, ਜਿਵੇਂ ਕਿ ਸੁਣਨ ਵਿੱਚ ਸਹਾਇਕ ਯੰਤਰ
- ਤੁਹਾਡੇ ਬੱਚੇ ਦੀ ਮਦਦ ਕਰਨ ਲਈ ਤੁਹਾਨੂੰ ਸ਼ੁਰੂਆਤੀ ਭਾਸ਼ਾ ਵਿਕਾਸ ਰਣਨੀਤੀਆਂ ਸਿਖਾਉਣਾ
- ਤੁਹਾਨੂੰ ਦਿਖਾਉਣਾ ਕਿ ਖੇਡ ਰਾਹੀਂ ਤੁਹਾਡੇ ਬੱਚੇ ਦੀ ਭਾਸ਼ਾ ਦੇ ਵਿਕਾਸ ਨੂੰ ਕਿਵੇਂ ਉਤਸ਼ਾਹਤ ਕਰਨਾ ਹੈ
- ਤੁਹਾਨੂੰ ਹੋਰ ਪ੍ਰੋਗਰਾਮਾਂ ਅਤੇ ਸਥਾਨਕ ਭਾਈਚਾਰਕ ਸਰੋਤਾਂ ਤੱਕ ਪਹੁੰਚ ਕਰਨ ਵਿੱਚ ਮਦਦ ਕਰਨਾ

## ਮੈਂ ਕਿਸਦੇ ਨਾਲ ਕੰਮ ਕਰਾਂਗਾ/ਕਰਾਂਗੀ?

ਤੁਹਾਡੇ ਛੋਟੇ ਬਾਲਾਂ ਲਈ ਸੁਣਨ-ਸ਼ਕਤੀ ਸੰਬੰਧੀ ਪ੍ਰੋਗਰਾਮ ਦੇ ਪੇਸ਼ੇਵਰਾਂ ਦੀ ਟੀਮ ਵਿੱਚ ਤੁਹਾਡਾ ਔਡੀਓਲੋਜਿਸਟ ਸ਼ਾਮਲ ਹੁੰਦਾ ਹੈ ਅਤੇ ਇਸ ਵਿੱਚ ਇਹ ਵੀ ਸ਼ਾਮਲ ਹੋ ਸਕਦੇ ਹਨ:

- ਫ਼ੈਮਿਲੀ ਸਪੋਰਟ ਵਰਕਰ
- ਸਪੀਚ-ਲੈਂਗੁਏਜ ਪੈਥੋਲੋਜਿਸਟ
- ਸੰਕੇਤਕ ਭਾਸ਼ਾ ਸਲਾਹਕਾਰ

ਇਹ ਟੀਮ ਹੋਰ ਭਾਈਚਾਰਕ ਭਾਈਵਾਲਾਂ ਨਾਲ ਮਿਲਕੇ ਕੰਮ ਕਰੇਗੀ ਤਾਂ ਜੋ ਤੁਹਾਡੇ ਅਤੇ ਤੁਹਾਡੇ ਬੱਚੇ ਵਾਸਤੇ ਸੇਵਾਵਾਂ ਵਿੱਚ ਤਾਲਮੇਲ ਬਿਠਾਇਆ ਜਾ ਸਕੇ।

## ਮੈਂ ਹੋਰ ਵਧੇਰੇ ਜਾਣਕਾਰੀ ਕਿੱਥੋਂ ਲੈ ਸਕਦਾ/ਸਕਦੀ ਹਾਂ?

ਤੁਹਾਡਾ ਛੋਟੇ ਬਾਲਾਂ ਲਈ ਸੁਣਨ-ਸ਼ਕਤੀ ਸੰਬੰਧੀ ਪ੍ਰੋਗਰਾਮ ਦਾ ਔਡੀਓਲੋਜਿਸਟ ਤੁਹਾਡੇ ਬੱਚੇ ਵਾਸਤੇ ਭਾਸ਼ਾ ਵਿਕਾਸ ਸੇਵਾਵਾਂ ਬਾਰੇ ਵਧੇਰੇ ਜਾਣਕਾਰੀ ਸਾਂਝੀ ਕਰ ਸਕਦਾ ਹੈ। ਤੁਹਾਡੇ ਬੱਚੇ ਦੇ ਪੇਸ਼ੇਵਰਾਂ ਦੀ ਟੀਮ ਵੀ ਵਧੇਰੇ ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕਰਾਉਣ ਲਈ ਉਪਲਬਧ ਹੈ।

ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਦੇਖੋ:

**ontario.ca/infanthearing**